Phones: Office : 2258855
Resi. : 2258866

# Guru Nanak Dev University, Amritsar

(Established by the State Legislature Act No. 21 of 1969 and University with Potential for Excellence recognised by UGC)

REGISTRAR

No. 2224-2354
Dated 19/9/12

ਯੂਨੀਵਰਸਿਟੀ ਨਾਲ ਸੰਬੰਧਿਤ ਵਿਭਾਗਾਂ ਦੇ ਮੁਖੀ ਸਾਹਿਬਾਨ,
ਅਧਿਕਾਰ, ਰਿਜਨਲ ਕੈਂਪਸ, ਸੰਬੰਧਿਤ ਸਮੂਹ ਕਾਲਜਾਂ ਦੇ
ਪ੍ਰਿੰਸੀਪਲ ਸਾਹਿਬਾਨ, ਕਾਂਸਟੀਚਿਊਟ ਕਾਲਜ ਅਤੇ
ਐਸੋਸੀਏਟ ਸੰਸਥਾਵਾਂ।

ਵਿਸ਼ਾ: ਯੁਵਕਾਂ ਨੂੰ ਬਤੌਰ ਵੋਟਰ ਬਣਾਉਣ ਲਈ ਜਾਗਰੂਕ ਕਰਨ ਬਾਰੇ ।

ਸ੍ਰੀਮਾਨ/ਮੈਡਮ ਜੀ,

ਪੰਜਾਬ ਸਰਕਾਰ ਦੇ ਮੁੱਖ ਚੋਣ ਅਫ਼ਸਰ-ਕਮ-ਪ੍ਰਮੁੱਖ ਸਕੱਤਰ ਚੋਣਾਂ ਦੇ ਪੱਤਰ ਨੰ:Elec.2012/SUEEP-10558, ਮਿਤੀ 6-09-2012 ਦੇ ਹਵਾਲੇ ਅਨੁਸਾਰ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਧੀਨ ਆਉਂਦੀਆਂ ਸਮੂਹ ਵਿਦਿਅਕ ਸੰਸਥਾਵਾਂ ਵਿੱਚ ਯੁਵਕਾਂ ਨੂੰ ਵੋਟਰ ਬਣਾਉਣ ਦੀ ਹਦਾਇਤ ਕੀਤੀ ਗਈ ਹੈ, ਜਿਸ ਲਈ ਹਰ ਕਾਲਜ ਇੱਕ ਨੋਡਲ ਅਫ਼ਸਰ ਦੀ ਨਿਯੁਕਤੀ ਕਰੇਗਾ ਅਤੇ ਉਹ ਵਿਦਿਆਰਥੀ ਜਿਨ੍ਹਾਂ ਦੀ ਉਮਰ 18 ਸਾਲ ਤੋਂ ਵੱਧ ਹੈ, ਉਨ੍ਹਾਂ ਪਾਸੋਂ ਫਾਰਮ ਨੰ: 6 ਭਰਵਾਏਗਾ ਅਤੇ ਇਹ ਫਾਰਮ ਭਰਨ ਉਪਰੰਤ ਸੰਬੰਧਤ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਨੂੰ ਭੇਜੇਗਾ।

ਸੋ, ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਪੱਤਰ ਜੋ ਕਿ ਮੂਲ ਰੂਪ ਵਿੱਚ ਨਾਲ ਨੱਥੀ ਹੈ, ਇਸ ਦੀ ਇੰਨ-ਬਿੰਨ ਪਾਲ੍ਹਣਾ ਕੀਤੀ ਜਾਵੇ ਜੀ।

ਵਿਸ਼ਵਾਸਪਾਤਰ,

ਇੰਦਰਜੀਤ ਸਿੰਘ
(ਇੰਦਰਜੀਤ ਸਿੰਘ)
ਰਜਿਸਟਰਾਰ

**Kusumjit Sidhu, IAS**
Tele. No. : 0172-2724038
ਟੈਲੀਫੋਨ ਨੰ.: 0172-2742803

D.O. No Elec-SCB/SVEEP-10558
ਅ.ਸ.ਪੱ.ਨੰ.
Chief Electoral Officer-cum-
Principal Secretary to Govenment of Punjab
ਮੁੱਖ ਚੋਣ ਅਫਸਰ-ਕਮ-
ਪ੍ਰਮੁੱਖ ਸਕੱਤਰ ਚੋਣਾਂ, ਪੰਜਾਬ
Chandigarh, the 6/9/12
ਚੰਡੀਗੜ੍ਹ

ਵਿਸ਼ਾ.- **ਵੋਟਰ ਸੂਚੀ ਦੀ ਸੁਧਾਈ ਅਤੇ ਨੈਸ਼ਨਲ ਵੋਟਰ-ਡੇ ਦੇ ਸਬੰਧ ਵਿੱਚ ਆਮ ਜਨਤਾ ਨੂੰ ਜਾਗਰੂਕ ਕਰਨ ਬਾਰੇ।**

ਪਿਆਰੇ ਡਾ ਇੰਦਰਜੀਤ ਸਿੰਘ ਜੀ,

ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 01.01.2013 ਦੇ ਅਧਾਰ ਤੇ ਵੋਟਰ ਸੂਚੀ ਦੀ ਸੁਧਾਈ ਅਤੇ ਨੈਸ਼ਨਲ ਵੋਟਰ-ਡੇ ਦੇ ਸਬੰਧ ਵਿੱਚ ਜਨਤਾ ਨੂੰ ਜਾਗਰੂਕ ਕਰਨ ਦੀ ਹਦਾਇਤ ਕੀਤੀ ਗਈ ਹੈ। ਭਾਰਤ ਚੋਣ ਕਮਿਸ਼ਨ ਵੱਲੋਂ ਯੁਵਕਾਂ ਨੂੰ ਬਤੌਰ ਵੋਟਰ ਰਜਿਸਟਰ ਕਰਨ ਲਈ ਵਿਸੇਸ਼ ਧਿਆਨ ਦੇਣ ਲਈ ਲਿਖਿਆ ਹੈ।

ਇਸ ਸਬੰਧ ਵਿੱਚ ਆਪ ਨੂੰ ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਯੁਵਕਾਂ ਦੀ ਬਤੌਰ ਵੋਟਰ ਰਜਿਸਟ੍ਰੇਸ਼ਨ ਕਾਫੀ ਘੱਟ ਹੈ ਜਿਸ ਵਿੱਚ ਵਾਧਾ ਕਰਨ ਦੀ ਬਹੁਤ ਲੋੜ ਹੈ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਸ ਰਾਜ ਵਿੱਚ 63,36237 ਯੁਵਕ ਹਨ, ਪ੍ਰੰਤੂ ਯੋਗਤਾ ਮਿਤੀ 01.01.2012 ਦੇ ਅਧਾਰ ਤੇ ਜੋ ਵੋਟਰ ਸੂਚੀ ਤਿਆਰ ਹੋਈ ਹੈ ਉਸ ਵਿੱਚ ਕੇਵਲ 47,93037 ਹੀ ਯੁਵਕਾਂ ਨੇ ਆਪਣੇ ਆਪ ਨੂੰ ਬਤੌਰ ਵੋਟਰ ਰਜਿਸਟਰ ਕੀਤਾ ਹੈ ਇਸ ਅਨੁਸਾਰ 15,43200 ਯੁਵਕ ਹਾਲੇ ਵੀ ਵੋਟਰ ਸੂਚੀ ਵਿੱਚ ਸ਼ਾਮਿਲ ਨਹੀ ਹੋਏ। 18-19 ਅਤੇ 20-29 ਦੇ ਉਮਰ ਗਰੁੱਪ ਦੇ ਵੋਟਰਾਂ ਦਾ ਵੇਰਵਾ ਹੇਠ ਅਨੁਸਾਰ ਹੈ .-

| Age Cohort | Projected Population up to 2012 | Electors as per final Photo Electoral Rolls w.r.t. 01.01.2012 as qualifying date | Difference |
|---|---|---|---|
| 18-19 | 1090234 | 413146 | 677088 |
| 20-29 | 5246003 | 4379891 | 866112 |
| **Total** | **6336237** | **4793037** | **1543200** |

ਇਹ ਟਾਰਗੇਟ ਆਪ ਦੇ ਸਹਿਯੋਗ ਨਾਲ ਹੀ ਮੁਕੰਮਲ ਹੋ ਸਕਦਾ ਹੈ, ਇਸ ਵਿਭਾਗ ਦੇ ਪਤੱਰ ਮਿਤੀ 12.06.2012 ਰਾਹੀਂ ਆਪ ਨੂੰ ਹਰੇਕ ਵਿੱਦਿਅਕ ਸੰਸਥਾਂ ਵਿੱਚ ਇੱਕ ਨੋਡਲ ਅਫਸਰ ਨਿਉਕਤ ਕਰਨ ਲਈ ਲਿਖਿਆ ਗਿਆ ਸੀ ਜੋ ਕਿ ਦਾਖਲੇ ਦੌਰਾਨ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਵਾਏਗਾ ਅਤੇ ਉਨ੍ਹਾਂ ਵਿਦਿਆਰਥੀਆਂ ਪਾਸੋ ਫਾਰਮ ਨੰ. 6 ਵੀ ਭਰਵਾਏਗਾ ਜਿਨ੍ਹਾਂ ਦੀ ਪਹਿਲਾਂ ਦੇਸ਼ ਦੇ ਕਿਸੇ ਵੀ ਵਿਧਾਨ ਸਭਾ ਚੋਣ ਹਲਕੇ ਵਿੱਚ ਵੋਟ ਨਹੀ ਬਣੀ ਹੈ ਅਤੇ ਉਸ ਵਿਦਿਆਰਥੀ ਦੀ ਉਮਰ ਪਹਿਲੀ ਜਨਵਰੀ ਨੂੰ 18 ਸਾਲ ਜਾਂ ਉਸ ਤੋਂ ਵੱਧ ਹੈ।

ਫਾਰਮ ਮੁਕੰਮਲ ਹੋਣ ਤੋਂ ਬਾਅਦ ਨੋਡਲ ਅਫਸਰ ਫਾਰਮ ਨੰ.6 ਨੂੰ ਤਸਦੀਕ ਕਰਨ ਉਪਰੰਤ ਪੰਜਾਬ ਰਾਜ ਦੇ ਸਬੰਧਤ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ ਨੂੰ ਭੇਜੇਗਾ ਜੋਕਿ ਇਨ੍ਹਾਂ ਫਾਰਮਾਂ ਨੂੰ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਵੋਟਰ ਸੂਚੀ ਵਿੱਚ ਨਾਂ ਦਰਜ਼ ਕਰਨ ਲਈ ਅੱਗੇ ਭੇਜੇਗਾ ਜਾਂ ਸਿੱਧੇ ਹੀ ਚੋਣਕਾਰ ਰਜਿਸ਼ਟਰੇਸ਼ਨ ਅਫਸ਼ਰ ਨੂੰ ਭੇਜਿਆ ਜਾਣ।

ਮੈਂ ਧੰਨਵਾਦੀ ਹੋਵਾਗੀਂ ਜੇਕਰ ਆਪ ਅਪਣੇ ਅਧੀਨ ਆਉਦੇਂ ਸਮੂਹ ਵਿੱਦਿਅਕ ਸੰਸਥਾਵਾਂ ਨੂੰ ਇਸ ਸਬੰਧ ਵਿੱਚ ਲੋੜੀਂਦੀਆਂ ਹਦਾਇਤਾਂ ਤੁਰੰਤ ਜਾਰੀ ਕਰ ਦੇਵੇ ਤਾਂ ਜੋ ਕੋਈ ਵੀ ਯੂਵਕ ਵੋਟ ਦੇ ਹੱਕ ਤੋਂ ਵਾਂਝਾ ਨਾ ਰਹਿ ਸਕੇ।

ਹਿੱਤੂ

ਕੁ ਸਿੱਧੂ 5/9/20

(ਕੁਸੁਮਜੀਤ ਸਿੱਧੂ)

ਡਾ. ਇੰਦਰਜੀਤ ਸਿੰਘ,
ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।